## ਅਮਰੀਕਾ ਦੇ ਟਰਾਂਸਪੋਰਟ ਮਹਿਕਮੇ ਵੱਲੋਂ ਗ਼ੈਰ-ਨਿਵਾਸੀ ਵਪਾਰਕ ਡਰਾਇਵਿੰਗ ਲਾਇਸੰਸਾਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਨੂੰ ਸਮਝੀਏ

ਅਮਰੀਕਾ ਦੇ ਆਵਾਜਾਈ (ਟਰਾਂਸਪੋਟੇਸ਼ਨ) ਮਹਿਕਮੇ ਨੇ 29 ਸਤੰਬਰ 2025 ਨੂੰ ਅੰਤਿਮ ਅੰਤਰਿਮ ਨਿਯਮ ਜਾਰੀ ਕਰ ਦਿੱਤਾ ਹੈ ਜਿਸ ਵਿੱਚ ਗ਼ੈਰ-ਨਿਵਾਸੀਆਂ ਦੇ ਵਪਾਰਕ (ਕਮਰਸ਼ੀਅਲ) ਡਰਾਇਵਿੰਗ ਲਾਇਸੰਸ (ਸੀਡੀਐਲ) ਜਾਂ ਕਮਰਸ਼ੀਅਲ ਲਰਨਰਜ਼ ਪਰਮਿਟ (ਸੀਐਲਪੀ) ਜਾਰੀ ਕਰਨ ਜਾਂ ਰਿਨੀਊ ਕਰਨ ਵੇਲੇ ਸੂਬਿਆਂ ਵੱਲੋਂ ਲਾਗੂ ਕੀਤੀਆਂ ਜਾਣ ਵਾਲੀਆਂ ਸ਼ਰਤਾਂ ਬਦਲ ਗਈਆਂ ਹਨ। ਮਹਿਕਮੇ ਨੇ ਕੈਲੀਫ਼ੋਰਨੀਆ ਸੂਬੇ ਖ਼ਿਲਾਫ਼ ਕਾਨੂੰਨ ਲਾਗੂ ਕਰਵਾਉਣ ਸੰਬੰਧੀ ਕਾਰਵਾਈ ਦਾ ਐਲਾਨ ਵੀ ਕੀਤਾ ਹੈ, ਜਿਸ ਵਿੱਚ ਸੂਬੇ ਨੂੰ ਅਕਤੂਬਰ ਦੇ ਅਖ਼ੀਰ ਤੱਕ ਗ਼ੈਰ-ਨਿਵਾਸੀਆਂ ਦੇ ਸੀਡੀਐਲ ਜਾਂ ਸੀਐਲਪੀ ਤੁਰੰਤ ਰੱਦ ਕਰਨ ਲਈ ਕਿਹਾ ਗਿਆ ਹੈ।

### ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਕੀ ਹੁੰਦਾ ਹੈ?

ਫ਼ੈਡਰਲ ਕਾਨੂੰਨ ਅਨੁਸਾਰ ਇਕ ਮਿੱਥੇ ਹੋਏ ਭਾਰ ਤੋਂ ਵੱਧ ਭਾਰ ਢੋਣ ਵਾਲੀਆਂ ਜਾਂ 16 ਜਾਂ ਉਸ ਤੋਂ ਵੱਧ ਸਵਾਰੀਆਂ ਵਾਲੀਆਂ ਗੱਡੀਆਂ ਚਲਾਉਣ ਵਾਲੇ ਡਰਾਇਵਰ ਕੋਲ ਵਾਜਿਬ ਸੀਡੀਐਲ ਜਾਂ ਸੀਐਲਪੀ ਹੋਣਾ ਲਾਜ਼ਮੀ ਹੈ। ਜਿਹੜੇ ਡਰਾਇਵਰ ਨਾ ਤਾਂ ਅਮਰੀਕਾ ਦੇ ਨਾਗਰਿਕ (ਸਿਟੀਜਨ) ਹਨ ਨਾ ਹੀ ਕਾਨੂੰਨ ਅਨੁਸਾਰ ਪੱਕੇ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟ) ਹਨ ਉਨ੍ਹਾਂ ਨੂੰ ਜਾਰੀ ਕੀਤੇ ਜਾਂਦੇ ਡਰਾਇਵਿੰਗ ਲਾਇਸੰਸ ਨੂੰ ਗ਼ੈਰ-ਨਿਵਾਸੀ (ਨੌਨ-ਡੌਮੀਸਾਈਲ) ਸੀਡੀਐਲ ਜਾਂ ਸੀਐਲਪੀ ਕਿਹਾ ਜਾਂਦਾ ਹੈ। (ਫ਼ੈਡਰਲ ਕਾਨੂੰਨ ਅਨੁਸਾਰ ਕੈਨੇਡਾ ਅਤੇ ਮੈਕਸੀਕੋ ਦੇ ਨਾਗਰਿਕਾਂ ਵਾਸਤੇ ਗ਼ੈਰ-ਨਿਵਾਸੀ ਸੀਡੀਐਲ ਦੀ ਬਜਾਇ ਉਨ੍ਹਾਂ ਦੇ ਆਪਣੇ ਮੂਲ ਦੇਸ਼ ਦਾ ਸੀਡੀਐਲ ਚਾਹੀਦਾ ਹੁੰਦਾ ਹੈ।)

### ਆਵਾਜਾਈ ਮਹਿਕਮੇ ਨੇ ਗ਼ੈਰ-ਨਿਵਾਸੀ ਸੀਡੀਐੱਲਜ਼ ਵਾਸਤੇ ਸ਼ਰਤਾਂ ਵਿੱਚ ਕੀ ਤਬਦੀਲੀਆਂ ਕੀਤੀਆਂ ਹਨ?

29 ਸਤੰਬਰ 2025 ਤੋਂ ਪਹਿਲਾਂ ਗ਼ੈਰ-ਨਿਵਾਸੀ ਸੀਡੀਐੱਲ ਜਾਂ ਸੀਐਲਪੀ ਲੈਣ ਦੇ ਚਾਹਵਾਨ ਵਿਅਕਤੀਆਂ (ਉਹ ਡਰਾਇਵਰ ਜੋ ਨਾ ਤਾਂ ਨਾਗਰਿਕ ਹੋਣ ਨਾ ਹੀ ਪੱਕੇ ਨਿਵਾਸੀ) ਨੂੰ ਫ਼ੈਡਰਲ ਕਾਨੂੰਨ ਅਨੁਸਾਰ ਅਰਜ਼ੀ ਦੇਣ ਵੇਲੇ ਹੇਠ ਲਿਖੇ ਦਸਤਾਵੇਜ਼ ਜਮ੍ਹਾਂ ਕਰਵਾਉਣੇ ਪੈਂਦੇ ਸਨ:

- ਇਮਲੋਏਮੈਂਟ ਔਥੋਰਾਈਜ਼ੇਸ਼ਨ ਡਾਕੂਮੈਂਟ (ਈਏਡੀ), ਜਿਸ ਦੀ ਮਿਆਦ ਨਾ ਪੁੱਗੀ ਹੋਵੇ। ਇਸ ਨੂੰ ਆਮ ਭਾਸ਼ਾ ਵਿੱਚ ਵਰਕ ਪਰਮਿਟ ਕਹਿ ਦਿੱਤਾ ਜਾਂਦਾ ਹੈ।
- ਜਾਂ ਪਹਿਲੀ ਵਾਰ ਸੀਡੀਐਲ ਜਾਂ ਸੀਐਲਪੀ ਦੀ ਅਰਜ਼ੀ ਦੇਣ ਵੇਲੇ ਪਾਸਪੋਰਟ ਜਮ੍ਹਾਂ ਕਰਵਾਉਣਾ ਹੁੰਦਾ ਹੈ, ਜਿਸਦੀ ਮਿਆਦ ਨਾ ਪੁੱਗੀ ਹੋਵੇ, ਉਸ ਨਾਲ ਆਈ-94 ਫ਼ਾਰਮ ਲਾਉਣਾ ਹੁੰਦਾ ਹੈ ਜਿਸ ਵਿੱਚ ਡਰਾਇਵਰ ਦੇ ਅਮਰੀਕਾ ਵਿੱਚ ਸਭ ਤੋਂ ਤਾਜ਼ੇ ਦਾਖ਼ਲੇ ਦੀ ਜਾਣਕਾਰੀ ਦਰਜ਼ ਹੋਵੇ।

ਭਾਵੇਂ ਕਿ ਕੁਝ ਸੂਬਿਆਂ ਨੇ ਹੋਰ ਵੀ ਸ਼ਰਤਾਂ ਲਾਈਆਂ ਹੋਈਆਂ ਸਨ, ਫ਼ੈਡਰਲ ਕਾਨੂੰਨ ਅਨੁਸਾਰ ਇਮੀਗ੍ਰੇਸ਼ਨ ਸਟੇਟਸ ਜਾਂ ਹਿਸਟਰੀ ਆਧਾਰਤ ਕੋਈ ਵੀ ਸ਼ਰਤ ਨਹੀਂ ਸੀ।

29 ਸਤੰਬਰ 2025 ਤੋਂ ਸੂਬਾ ਸਰਕਾਰ ਉਸੇ ਡਰਾਇਵਰ ਦਾ ਨਵਾਂ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਬਣਾਏਗੀ ਜਾਂ ਰਿਨੀਊ ਕਰੇਗੀ ਜਿਸ ਕੋਲ ਐਚ-2ਏ, ਐਚ-2ਬੀ ਜਾਂ ਈ-2 ਵੀਜ਼ਾ ਹੋਵੇ। ਇਸ ਦਾ ਮਤਲਬ ਹੈ ਕਿ ਅਜਿਹੇ ਕਿਸੇ ਵੀ ਡਰਾਇਵਰ ਨੂੰ ਨਾ ਨਵਾਂ ਸੀਡੀਐਲ ਜਾਂ ਸੀਪੀਐਲ ਜਾਰੀ ਕੀਤਾ ਜਾਵੇਗਾ ਨਾ ਹੀ ਰਿਨੀਊ ਕੀਤਾ ਜਾਵੇਗਾ, ਜਿਹੜੇ:

- ਜਿਨ੍ਹਾਂ ਨੂੰ ਡੀਏਸੀਏ ਮਿਲਦਾ ਹੈ
- ਜਿਨ੍ਹਾਂ ਕੋਲ ਟੈਮਪਰੇਰੀ ਪ੍ਰੋਟੈਕਟਡ ਸਟੇਟਸ ਹੈ
- ਰਿਫ਼ਿਊਜੀ
- ਜਿਨ੍ਹਾਂ ਨੇ ਅਸਾਈਲਮ ਦੀ ਅਰਜ਼ੀ ਦਿੱਤੀ ਹੋਈ ਹੈ
- ਜੁਰਮ ਜਾਂ ਮਨੁੱਖੀ ਤਸਕਰੀ ਦੇ ਪੀੜਤ ਯੂ ਜਾਂ ਟੀ ਵੀਜ਼ਾ ਵਾਲੇ ਲੋਕ
- ਡੈਫ਼ਰਡ ਐਕਸ਼ਨ ਵਾਲੇ ਲੋਕ
- ਮਾਨਵੀ ਆਧਾਰ 'ਤੇ ਪੈਰੋਲ ਹਾਸਲ ਕਰ ਚੁੱਕੇ ਲੋਕ

ਕੈਲੀਫ਼ੋਰਨੀਆ, ਟੈਕਸਾਸ ਅਤੇ ਪੈਨਸਿਲਵਾਨਿਆ ਸਮੇਤ ਕਈ ਸੂਬਿਆਂ ਨੇ ਇਸ ਨਿਯਮ ਕਰਕੇ ਫ਼ਿਲਹਾਲ ਆਰਜ਼ੀ ਤੌਰ 'ਤੇ ਗੈਰ-ਨਿਵਾਸੀਆਂ ਦੇ ਸੀਡੀਐਲ ਅਤੇ ਸੀਐਲਪੀ ਰਿਨੀਊ ਕਰਨੇ ਅਤੇ ਨਵੇਂ ਜਾਰੀ ਕਰਨੇ ਬੰਦ ਕਰ ਦਿੱਤੇ ਹਨ।

### ਜੇ ਮੇਰੇ ਕੋਲ ਵਾਜਿਬ (ਵੈਲਿਡ) ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਪੀਐਲ ਹੈ ਤਾਂ ਕੀ ਮੈਂ ਹੁਣ ਵੀ ਕਮਰਸ਼ੀਅਲ ਗੱਡੀ ਚਲਾ ਸਕਦਾ ਹਾਂ?

ਹਾਂ, ਇਹ ਨਿਯਮ ਤੁਹਾਡੇ ਡਰਾਇਵਰ ਲਾਇਸੰਸ ਜਾਂ ਲਰਨਰਜ਼ ਪਰਮਿਟ ਨੂੰ ਤੁਰੰਤ ਰੱਦ ਨਹੀਂ ਕਰਦਾ। ਜਦੋਂ ਤੱਕ ਸੂਬੇ ਦੀ ਲਾਇਸੈਂਸਿੰਗ ਏਜੰਸੀ ਤੁਹਾਡਾ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਡਾਊਨਗ੍ਰੇਡ ਜਾਂ ਰੱਦ ਨਹੀਂ ਕਰਦੀ, ਇਹ ਵੈਲਿਡ ਰਹੇਗਾ। ਆਪਣਾ ਗੇੜਾ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਰਸਤੇ ਵਿੱਚ ਰੋਕਿਆ ਜਾਵੇ ਤਾਂ ਉਸ ਦੀ ਤਿਆਰੀ ਪਹਿਲਾਂ ਕਰਨ ਲਈ ਆਪਣੇ ਲਾਇਸੰਸ ਦੀ ਵੈਲਿਡਟੀ ਦੇਖ ਲੈਣੀ ਚਾਹੀਦੀ ਹੈ। ਹਰ ਸੂਬੇ ਦੇ ਅਨੁਸਾਰ ਤੁਸੀਂ ਆਪਣੇ ਲਾਇਸੰਸ ਦਾ ਸਟੇਟਸ ਆਨਲਾਈਨ ਵੇਖ ਸਕਦੇ ਹੋਵੋਗੇ।

ਨਵੇਂ ਨਿਯਮ ਅਨੁਸਾਰ ਸੂਬੇ ਦੀ ਲਾਇਸੈਂਸਿੰਗ ਏਜੰਸੀ ਵੱਲੋਂ ਡਰਾਇਵਰ ਕੋਲ ਐਚ-2ਏ, ਐਚ-2ਬੀ ਜਾਂ ਈ-2 ਵੀਜ਼ਾ ਨਾ ਹੋਣ ਦੀ ਜਾਣਕਾਰੀ ਮਿਲਣ ਤੋਂ ਬਾਅਦ 30 ਦਿਨ ਦੇ ਅੰਦਰ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਡਾਊਨਗ੍ਰੇਡ ਕਰਨਾ ਲਾਜ਼ਮੀ ਹੈ। ਤੁਹਾਨੂੰ ਇਹ ਯਕੀਨੀ ਬਣਾ ਲੈਣਾ ਚਾਹੀਦਾ ਹੈ ਕਿ ਜਿਸ ਏਜੰਸੀ ਨੇ ਤੁਹਾਡਾ ਸੀਡੀਐਲ ਜਾਂ ਸੀਐਲਪੀ ਜਾਰੀ ਕੀਤਾ ਹੈ ਉਸ ਕੋਲ ਤੁਹਾਡਾ ਚਿੱਠੀ-ਪੱਤਰੀ ਦਾ ਸਹੀ ਪਤਾ ਹੋਵੇ ਜਿੱਥੇ ਤੁਹਾਨੂੰ ਚਿੱਠੀ ਮਿਲ ਸਕੇ।

ਜੇ ਤੁਹਾਨੂੰ ਇਹ ਨੋਟਿਸ ਮਿਲੇ ਕਿ ਤੁਹਾਡਾ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਡਾਊਨਗ੍ਰੇਡ ਜਾਂ ਰੱਦ ਕਰ ਦਿੱਤਾ ਗਿਆ ਹੈ ਤਾਂ ਨੋਟਿਸ ਧਿਆਨ ਨਾਲ ਪੜ੍ਹੋ। ਇਸ ਵਿੱਚ ਫ਼ੈਸਲੇ ਬਾਰੇ ਅਪੀਲ ਕਰਨ ਦਾ ਮੌਕਾ ਹੋ ਸਕਦਾ ਹੈ ਅਤੇ ਨੋਟਿਸ ਵਿੱਚ ਤੁਹਾਨੂੰ ਦੱਸਿਆ ਹੋਵੇਗਾ ਕਿ ਅਪੀਲ ਦੌਰਾਨ ਤੁਹਾਡਾ ਸੀਡੀਐਲ ਜਾਂ ਸੀਐਲਪੀ ਵੈਲਿਡ ਰਹੇਗਾ ਜਾਂ ਨਹੀਂ। ਇਹ ਪਤਾ ਹੁੰਦਿਆਂ ਵੀ ਕਿ ਤੁਹਾਡੇ ਕੋਲ ਵੈਲਿਡ ਸੀਡੀਐਲ ਜਾਂ ਸੀਐਲਪੀ ਨਹੀਂ ਹੈ, ਕੋਈ ਵੀ ਕਮਰਸ਼ੀਅਲ ਗੱਡੀ ਚਲਾਉਣ ਦੇ ਗੰਭੀਰ ਸਿਵਿਲ ਤੇ ਅਪਰਾਧਕ ਕਾਨੂੰਨੀ ਨਤੀਜੇ ਨਿਕਲ ਸਕਦੇ ਹਨ।

### ਮੈਨੂੰ ਉਸ ਵੇਲੇ ਕੀ ਕਰਨਾ ਚਾਹੀਦਾ ਹੈ ਜਦੋਂ ਮੈਨੂੰ ਰਸਤੇ ਵਿੱਚ ਰੋਕ ਲਿਆ ਜਾਵੇ ਅਤੇ ਮੈਨੂੰ ਪਤਾ ਲੱਗੇ ਕਿ ਮੇਰਾ ਸੀਡੀਐਲ ਜਾਂ ਸੀਐਲਪੀ ਰੱਦ ਕਰ ਦਿੱਤਾ ਗਿਆ ਹੈ?

- ਸ਼ਾਂਤ ਰਹੋ
- ਤੁਹਾਡੇ ਕੋਲ ਚੁੱਪ ਰਹਿਣ ਦਾ ਹੱਕ ਹੈ।
- ਤੁਹਾਡਾ ਆਪਣੇ ਇਮੀਗ੍ਰੇਸ਼ਨ ਸਟੇਟਸ ਜਾਂ ਆਪਣੇ ਮੂਲ ਦੇਸ਼ ਬਾਰੇ ਸਵਾਲਾਂ ਦੇ ਜਵਾਬ ਦੇਣਾ ਲਾਜ਼ਮੀ ਨਹੀਂ ਹੈ।
- ਤੁਹਾਨੂੰ ਰੋਕਣ ਵਾਲੇ ਅਫ਼ਸਰ ਦਾ ਨਾਮ, ਬੈਜ ਨੰਬਰ ਅਤੇ ਏਜੰਸੀ ਪਤਾ ਕਰਨ ਦੀ ਕੋਸ਼ਿਸ਼ ਕਰੋ।
- ਰੋਕਣ ਦੇ ਮੌਕੇ ਨਾਲ ਹੋਰ ਸੰਬੰਧਤ ਗੱਲਾਂ ਲਿਖ ਲਵੋ ਜਾਂ ਵਾਇਸ ਨੋਟ ਰਿਕਾਰਡ ਕਰੋ ਜਿਵੇਂ ਰੋਕੇ ਜਾਣ ਵਾਲੀ ਜਗ੍ਹਾ, ਗੱਡੀ ਚਲਾਉਣ ਦੇ ਹਾਲਾਤ ਅਤੇ ਹੋਰ ਕੋਈ ਡਰਾਇਵਰ ਜਿਸ ਨੂੰ ਰੋਕਿਆ ਗਿਆ ਹੋਵੇ।

ਜੇ ਤੁਹਾਡੇ ਸੀਡੀਐਲ ਜਾਂ ਸੀਐਲਪੀ ਰੱਦ ਕੀਤੇ ਜਾਣ ਦਾ ਨੋਟਿਸ ਤੁਹਾਨੂੰ ਪਹਿਲਾਂ ਨਹੀਂ ਮਿਲਿਆ ਤਾਂ ਕਮਰਸ਼ੀਅਲ ਗੱਡੀ ਚਲਾਉਣ ਵਾਸਤੇ ਉਸ ਮੌਕੇ ਤੱਕ ਤੁਹਾਨੂੰ ਕੋਈ ਜੁਰਮਾਨਾ ਨਹੀਂ ਕੀਤਾ ਜਾਣਾ ਚਾਹੀਦਾ। ਹਾਲਾਂਕਿ, ਰਸਤੇ ਵਿੱਚ ਰੋਕੇ ਜਾਣ ਸਮੇਂ, ਅਫ਼ਸਰ ਤੁਹਾਨੂੰ ਸੂਚਨਾ ਦੇ ਸਕਦਾ ਹੈ ਕਿ ਤੁਸੀਂ ਹੁਣ ਕਮਰਸ਼ੀਅਲ ਗੱਡੀ ਨਹੀਂ ਚਲਾ ਸਕਦੇ। ਅਜਿਹੀ ਹਾਲਤ ਵਿੱਚ ਤੁਹਾਡੀ ਗੱਡੀ ਅਤੇ ਲੱਦਿਆ ਹੋਇਆ ਮਾਲ ਜ਼ਬਤ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਘਰ ਜਾਣ ਵਾਸਤੇ ਬਦਲਵਾਂ ਪ੍ਰਬੰਧ ਕਰਨਾ ਪੈ ਸਕਦਾ ਹੈ।

### ਜੇ ਮੇਰੇ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਦੀ ਮਿਆਦ ਜਲਦੀ ਖ਼ਤਮ ਹੋਣ ਵਾਲੀ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਡੇ ਕੋਲ ਗ਼ੈਰ-ਨਿਵਾਸੀ ਸੀਡੀਐਲ ਜਾਂ ਸੀਐਲਪੀ ਹੈ ਅਤੇ ਤੁਹਾਡੇ ਕੋਲ ਐਚ-2ਏ, ਐਚ-2ਬੀ ਜਾਂ ਈ-2 ਵੀਜ਼ਾ ਨਹੀਂ ਹੈ ਤਾਂ ਅਸੀਂ ਤੁਹਾਨੂੰ ਆਪਣਾ ਲਾਇਸੰਸ ਰਿਨੀਊ ਕਰਵਾਉਣ ਵਾਸਤੇ ਅਰਜ਼ੀ ਦੇਣ ਦੀ ਸਲਾਹ ਨਹੀਂ ਦੇਵਾਂਗੇ। *ਸਿਟੀਜਨਸ਼ਿਪ ਦਾ ਗ਼ਲਤ ਦਾਅਵਾ ਕਰਨ ਜਾਂ ਇਮੀਗ੍ਰੇਸ਼ਨ ਦੇ ਨਕਲੀ ਦਸਤਾਵੇਜ਼ ਪੇਸ਼ ਕਰਨ ਨਾਲ, ਗੰਭੀਰ ਅਪਰਾਧਕ, ਇਮੀਗ੍ਰੇਸ਼ਨ ਅਤੇ ਹੋਰ ਸਿਵਿਲ ਕਾਨੂੰਨੀ ਮਸਲੇ ਪੈਦਾ ਹੋ ਸਕਦੇ ਹਨ।*

**ਕੀ ਇਸ ਬਾਰੇ ਮੈਂ ਕੁਝ ਕਰ ਸਕਦਾ ਹਾਂ?**

ਹਾਂਜੀ, ਭਾਵੇਂ ਕਿ ਇਹ ਨਿਯਮ ਲਾਗੂ ਹੋ ਚੁੱਕਾ ਹੈ, ਟਰਾਂਸਪੋਰਟ ਮਹਿਕਮਾ ਵਾਸਤੇ ਆਪਣੇ ਨਿਯਮਾਂ ਬਾਰੇ ਲੋਕਾਂ ਦੀ ਰਾਏ ਲੈ ਕੇ ਉਸ ’ਤੇ ਵਿਚਾਰ ਕਰਨਾ ਲਾਜ਼ਮੀ ਹੈ। ਤੁਸੀਂ ਆਪਣੇ ਵਿਚਾਰ 28 ਨਵੰਬਰ 2025 ਤੱਕ ਇਸ ਲਿੰਕ ਰਾਹੀਂ ਭੇਜ ਸਕਦੇ ਹੋ regulations.gov/document/FMCSA-2025-0622-0001

**ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਇਸ ਨਿਯਮ ਕਾਰਨ ਪ੍ਰਭਾਵਿਤ ਹੋਏ ਹੋ ਅਤੇ ਆਪਣਾ ਅਨੁਭਵ ਸਾਂਝਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਈਮੇਲ ਰਾਹੀਂ immigranttruckers@asianlawcaucus.org 'ਤੇ ਸੰਪਰਕ ਕਰੋ।**

ASIAN LAW CAUCUS    THE SIKH COALITION